ੴ ਸਤਿਗੁਰ ਪ੍ਰਸਾਦਿ ॥

# ਯਹੂਦੀ ਮੱਤ ਤੇ ਗੁਰਮਤਿ

## ਤੁਲਨਾਤਮਿਕ ਧਰਮ ਅਧਿਐਨ

## ਮੂਲ ਰੂਪ ਵਿੱਚ

ਸਿੱਖ ਮਿਸ਼ਨਰੀ ਕਾਲਜ (ਰਜ਼ਿ :)

ਲੁਧਿਆਣਾ ਦੁਆਰਾ ਪ੍ਰਕਾਸ਼ਿਤ ਪੁਸਤਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

ਲਾਂਚ ਕਰਤਾ : ਜਸਬੀਰ ਸਿੰਘ

Mob. : 099881-60484, 62390-45985

Type Setting : Radheshyam Choudhary

Mob. : 098149- 66882

Download Free

# ਯਹੂਦੀ ਮੱਤ ਤੇ ਗੁਰਮਤਿ

ਯਹੁਦੀ ਮੱਤ ਵੀ ਕਤੇਬੀ ਮੱਤਾਂ। ਵਿਚੋਂ ਇਕ ਨਾਮੀ ਮੱਤ ਹੈ। ਇਸ ਮੱਤ ਦੇ ਬਾਨੀ ਹਜ਼ਰਤ ਮੂਸਾ ਜੀ ਨੂੰ ਮਿਥਿਆ ਜਾਂਦਾ ਹੈ। ਤੌਰੇਤ ਇਸ ਮੱਤ ਦੀ ਧਾਰਮਕ ਪੁਸਤਕ ਹੈ।

ਹਜ਼ਰਤ ਮੂਸਾ, ਹਜ਼ਰਤ ਈਸਾ ਜੀ ਤੋਂ ਲਗਭਗ ਪੌਣੇ ਸੋਲ੍ਹਾਂ ਸਦੀਆਂ ਪਹਿਲੇ ਮਿਸਰ ਵਿਚ ਪੈਦਾ ਹੋਏ ਸਨ। ਇਹ ਹਜ਼ਰਤ ਇਸਮਾਈਲ ਜੀ ਦੀ ਵੰਸ ਵਿਚੋਂ ਸਨ। ਇਨ੍ਹਾਂ ਦੇ ਪਿਤਾ ਜੀ ਦਾ ਨਾਂ ਅਮਰਾਨ ਸੀ। ਜਦ ਆਪ ਪੈਦਾ ਹੋਏ ਤਾਂ ਉਸ ਸਮੇਂ ਫਰਔਨ ਬਾਦਸ਼ਾਹ ਮਿਸਰ ਤੇ ਰਾਜ ਕਰਦਾ ਸੀ। ਫਰਔਨ ਇਸਰਾਈਲ ਵੰਸ ਦੇ ਬਾਲਕਾਂ ਨੂੰ ਜੰਮਦਿਆਂ ਹੀ ਮਰਵਾ ਦੇਂਦੇ ਸੀ, ਇਸ ਕਰਕੇ ਇਨ੍ਹਾਂ ਦੀ ਮਾਤਾ ਨੇ ਇਨ੍ਹਾਂ ਨੂੰ ਤਿੰਨ ਮਹੀਨੇ ਲੁਕ ਛਿਪ ਕੇ ਪਾਲਣ ਮਗਰੋਂ ਇਕ ਸੰਦੂਕ ਵਿਚ ਬੰਦ ਕਰਕੇ ਨੀਲ ਦਰਿਆ ਵਿਚ ਰੋੜ ਦਿਤਾ ਸੀ। ਸਖੀਆਂ ਨਾਲ ਨੀਲ ਕੰਢੇ ਸੈਰ ਕਰਨ ਆਈ ਫਰਊਨ ਦੀ ਸ਼ਾਹਜ਼ਾਦੀ ਦੀ ਨਜ਼ਰ ਅਚਾਨਕ ਇਸ ਰੁੜਦੇ ਜਾਂਦੇ ਸੰਦੂਕ ਤੇ ਪੈ ਗਈ। ਉਸ ਨੇ ਜਦ ਸੰਦੂਕ ਖੋਹਲ ਕੇ ਇਸ ਖੂਬਸੂਰਤ ਮੁੰਡੇ ਨੂੰ ਵੇਖਿਆ ਤਾਂ ਘਰ ਲੈ ਗਈ ਤੇ ਆਪਣਾ ਪਾਲਿਕ ਬਣਾ ਲਿਆ। ਇਬਰਾਨੀ ਭਾਸ਼ਾ ਵਿਚ ਮਾਸਾਹ ਦੇ ਅਰਥ ਖਿਚਿਆ' ਹੈ। ਇਸ ਲਈ ਪਾਣੀ ਵਿਚੋਂ ਖਿਚ ਕੇ ਲਿਆਣ ਦੇ ਕਾਰਨ ਹੀ ਇਸ ਦਾ ਨਾਮ 'ਮੂਸਾ' ਰਖਿਆ ਗਿਆ।

ਚਾਲ੍ਹੀ ਵਰ੍ਹੇ ਦੀ ਉਮਰ ਵਿਚ ਹਜ਼ਰਤ ਮੂਸਾ ਅਰਬ ਵਲ ਆਏ ਤੇ ਘਰ ਗ੍ਰਸਥੀ ਬਣੇ। ਇਨ੍ਹਾਂ ਦਾ ਵਿਆਹ ਸਫੂਰ ਨਾਂ ਦੀ ਇਕ ਕੁੜੀ ਨਾਲ ਹੋਇਆ ਜਿਸ ਵਿਚੋਂ ਆਪ ਜੀ ਦੇ ਘਰ ਇਕ ਬੇਟਾ ਜਨਮਿਆ ਜਿਸ ਦਾ ਨਾਮ 'ਗੋਰਸੇ ਰਖਿਆ ਗਿਆ।

ਦਸਿਆ ਜਾਂਦਾ ਹੈ ਕਿ ਹਜਰਤ ਮੂਸਾ ਜੀ ਕੋਹਤੂਰ ਪਰਬਤ ਉਤੇ ਜਾ ਕੇ ਰਬ ਨਾਲ ਦਰ ਪੜਦਾ ਗੱਲਾ ਕੀਤਾ ਕਰਦੇ ਸਨ। ਇਸੇ ਪਰਬਤ ਤੇ ਆਪ ਜੀ ਨੂੰ ਗਿਆਨ ਹੋਇਆ ਸੀ। ਬਾਈਬਲ ਤੇ ਕੁਰਾਨ ਅਨੁਸਾਰ ਆਪ ਤੇ ਰੱਬੀ ਹੁਕਮ ਨਾਜਲ ਹੁੰਦੇ ਸਨ। ਇਹ ਵੀ ਲਿਖਿਆ ਹੈ ਜੋ ਹਜਰਤ ਨੇ ਇਕ ਵਾਰ ਲਗਾਤਾਰ 40 ਦਿਨ ਰੋਜ਼ੇ ਰਖੇ ਸਨ ਤੇ ਰੱਬ ਨਾਲ ਇਸ ਦੌਰਾਨ ਵਿਚ ਬੇਸ਼ੁਮਾਰ ਗਲਾਂ ਵੀ ਕੀਤੀਆਂ ਸਨ। ਕਹਿੰਦੇ ਨੇ ਰੱਬ ਨੇ ਪ੍ਰਸੰਨ ਹੋ ਕੇ ਆਪ ਜੀ ਨੂੰ ਆਪਣੀਆਂ ਉੱਗਲਾਂ ਨਾਲ ਲਿਖੀਆਂ ਸਲੇਟਾਂ ਇਕ ਕਰਾਮਾਤੀ ਸੋਟਾ ਵੀ ਬਖਸ਼ਿਆ ਸੀ।

ਬਾਈਬਲ ਵਿਚ ਖ਼ੁਦਾ ਵਲੋਂ ਇਨ੍ਹਾਂ ਨੂੰ ਹੇਠ ਲਿਖੀਆਂ ਹਦਾਇਤਾ ਮੌਸੂਲ ਹੋਈਆਂ :

(1) ਕੇਵਲ ਮੈਨੂੰ ਹੀ ਰੱਬ ਜਾਣੀ। ਮੇਰੇ ਤੁਲ ਕਿਸੇ ਹੋਰ ਨੂੰ ਨਾ ਸਮਝੀਂ।

(2) ਮੂਰਤੀ ਪੂਜਾ ਨਾ ਕਰੀਂ।

(3) ਖੁਦਾ ਦਾ ਨਾਂ ਅਕਾਰਥ ਨਾ ਲਈਂ।

(4) ਸਨਿਚਰ ਦਾ ਦਿਨ ਪਵਿਤ੍ਰ ਜਾਣ ਕੇ ਕੋਈ ਕੰਮ ਨਾ ਕਰੀਂ ਕਿਉਂਕਿ ਇਸ ਦਿਨ ਦੁਨੀਆਂ ਰਚਕੇ ਮੈਂ ਆਰਾਮ ਕੀਤਾ ਹੈ।

(5) ਮਾਂ ਪਿਓ ਦਾ ਪੂਰਨ ਸਤਕਾਰ ਕਰੀਂ।

(6) ਚੋਰੀ ਯਾਰੀ ਨਾ ਕਰੀਂ।

(7) ਕਿਸੇ ਨੂੰ ਗ਼ੁਲਾਮ ਨਾ ਕਰੀਂ।

(8) ਖ਼ੂਨ ਨਾ ਕਰੀਂ।

(9) ਕਿਸੇ ਗਵਾਂਢੀ ਤੇ ਝੂਠੀ ਗਵਾਹੀ ਨਾ ਦੇਈਂ।

(10) ਗਵਾਂਢੀ ਦੀ ਕਿਸ ਚੀਜ਼ ਦਾ ਲਾਲਚ ਨਾ ਕਰੀਂ।

ਯਹੂਦੀਆਂ ਨੂੰ ਮੌਜਜੇ ਦਿਖਾਣ ਕਰਕੇ ਹਜ਼ਰਤ ਮੂਸਾ ਨਬੀ ਮੰਨੇ ਗਏ। ਤੋਰੇਤ ਇਹਨਾਂ ਦੀ ਇਲਹਾਮੀ ਪੁਸਤਕ ਹੈ ਜੋ ਖੁਦਾ ਵੱਲੋਂ ਆਪ ਜੀ ਤੇ ਪਰਗਟ ਹੋਈ। ਹਾਰੂਨ ਆਪ ਦਾ ਪਹਿਲਾ ਚੇਲਾ ਸੀ।

ਯਹੂਦੀਆਂ ਦਾ ਪਹਿਲਾ ਬਾਦਸ਼ਾਹ 'ਸਾਲ' ਮੰਨਿਆ ਜਾਂਦਾ ਹੈ। ਸਾਲ ਦੀ ਸਲਤਨਤ ਮੂਸਾ ਦੇ 120 ਵਰ੍ਹੇ ਦੀ ਉਮਰ ਭੋਗ ਕੇ ਉਸ ਦੇ ਮਰ ਜਾਣ ਬਾਅਦ ਕਾਇਮ ਹੋਈ। ਸਾਲ ਦੇ ਮਗਰੋਂ ਦੂਜਾ ਬਾਦਸ਼ਾਹ ਹਜ਼ਰਤ ਦਾਊਦ ਮਿਥਿਆ ਜਾਂਦਾ ਹੈ। ਹਜ਼ਰਤ ਦਾਊਦ ਨੇ ਪੈਗੰਬਰੀ ਦਾ ਦਾਹਵਾ ਕੀਤਾ। ਬਾਈਬਲ ਦੇ ਪੁਰਾਣੇ ਅਹਿਦਨਾਮੇ ਹਜਰਤ ਦਾਊਦ ਦੇ ਹੀ ਲਿਖੇ ਮੰਨੇ ਜਾਂਦੇ ਹਨ। ਇਸ ਤੋਂ ਮਗਰੋਂ ਸੁਲੇਮਾਨ ਹੁਕਮਰਾਨ ਹੋਇਆ। ਇਸ ਨੇ ਵੀ ਆਪਣੇ ਆਪ ਨੂੰ ਪੈਗ਼ੰਬਰ ਅਖਵਾਇਆ।

ਯਹੂਦੀ ਵਪਾਰ ਦੇ ਮੈਦਾਨ ਵਿੱਚ ਸਭ ਤੋਂ ਅਗੇ ਗਿਣੇ ਜਾਂਦੇ ਹਨ। ਆਮ ਤੌਰ ਤੇ ਇਹ ਲੋਕ ਹਜਰਤ ਇਬਰਾਹੀਮ, ਯਾਕੂਬ ਅਤੇ ਅਜ਼ਹਾਕ ਨੂੰ ਆਪਣਾ ਮੁਖੀ ਮੰਨਦੇ ਹਨ। ਸੁੰਨਤ ਕਰਦੇ ਹਨ। ਸਿਰ ਤੇ ਵਾਲਾਂ ਦਾ ਇਕ ਗੁਛਾ ਰਖਦੇ ਹਨ। ਇਨ੍ਹਾਂ ਦੇ ਸਿਧਾਂਤ ਇਸ ਪ੍ਰਕਾਰ ਹਨ :

(ੳ) ਖੁਦਾ ਇਕ ਹੈ ਤੇ ਉਸਦਾ ਨਾਮ ਯਹੋਵਾ ਹੈ।

(ਅ) ਨਬੀ ਇਸਰਾਈਲ ਦੇ ਨਬੀ ਹਜਰਤ ਮੂਸਾ ਹਨ। ਉਨ੍ਹਾਂ ਰਬ ਨਾਲ ਗਲਾਂ ਕੀਤੀਆਂ ਸਨ। ਇਸਰਾਈਲੀ ਕੌਮ ਰਬ ਦੀ ਚੁਣੀ ਹੋਈ ਤੇ ਸਰਬ ਸ੍ਰੇਸ਼ਟ ਕੌਮ ਹੈ।

(ੲ) ਹਜਰਤ ਯਾਕੂਬ ਜੋ ਕੌਮ ਦੇ ਮੋਢੀ ਹਨ, ਨੂੰ ਰਬ ਨੇ ਕਈ ਵਰ ਦਿਤੇ ਸਨ ਜਿਹਨਾਂ ਤੋਂ ਇਹ ਸਪਸ਼ਟ ਸੀ ਕਿ ਉਹ ਇਸਰਾਈਲੀਆਂ ਦੀ ਸਦਾ ਹੀ ਰਖਿਆ ਕਰੇਗਾ ਤੇ ਵਧਦਾ ਫੁਲਦਾ ਰਖੇਗਾ

(ਸ) ਜਾਨਵਰਾਂ ਦੀ ਕੁਰਬਾਨੀ ਦੇਣੀ ਇਕ ਅਧਿਆਪਕ ਕਰਮ ਹੈ। ਯਹੂਦੀ ਗਰੰਥਾ ਵਿਚ ਲਿਖਿਆ ਹੈ, ਹਾਰੂਨ ਨੇ ਕੁਰਬਾਨੀ ਦੇਣ ਲਈ ਕੁਰਬਾਨ ਗਾਹ ਬਣਾਈ ਉਸ ਇਹ ਕਹਿ ਕੇ ਢੰਡੋਰਾ ਦਿਤਾ ਕਿ ਕਲ ਖੁਦਾ ਦੀ ਈਦ ਹੈ। ਯਹੂਦੀ ਸਵੇਰੇ ਉਠੇ ਤੇ ਕੁਰਬਾਨੀਆਂ ਚੜ੍ਹਾਵੇ। ਉਹਨਾਂ ਸੇਖਤਨੀ ਕੁਰਬਾਨੀਆਂ ਚੜ੍ਹਾਈਆਂ। ਫਿਰ ਸਲਾਮਤੀ ਕੁਰਬਾਨੀਆਂ ਦਿਤੀਆਂ ਤੇ ਖਾਣ ਪੀਣ ਲਈ ਬੈਠ ਗਏ।

(ਹ) ਊਠ, ਸਿਹਾ ਅਤੇ ਸੂਰ ਦਾ ਮਾਸ ਅਪਵਿਤਰ ਹੈ ਇਸ ਲਈ ਹਰਾਮ ਹੈ। ਕਾਬ, ਇਲ, ਗਿਰਝ, ਕਾਂ, ਸੂਤਰ ਮੁਰਗ਼, ਬਗਲਾ, ਉਲੂ, ਚਕੀਰਾਹ, ਚਮਗਿਦੜ ਦਾ ਸੋ ਖਾਣਾ ਵਿਵਰਜਿਤ ਹੈ। ਹੋਰ ਹਰ ਤਰ੍ਹਾਂ ਦਾ ਮਾਸ ਖਾਣਾ ਹਲਾਲ ਹੈ।

(ਕ) ਚਾਲ੍ਹੀ ਰੋਜ਼ੇ ਰਖਣੇ ਜ਼ਰੂਰੀ ਹਨ।

(ਖ) ਸੁੰਨਤ ਕਰਵਾਣੀ ਜ਼ਰੂਰੀ ਹੈ।

(ਗ) ਹਰ ਮਸੱਈ ਲਈ ਸੱਤ ਨਮਾਜ਼ਾਂ ਪੜ੍ਹਨੀਆਂ ਲਾਜ਼ਮੀ ਹਨ।

**ਨੋਟ :**

(1) ਹਜ਼ਰਤ ਮੂਸਾ ਤੇ ਹਜ਼ਰਤ ਈਸਾ ਦੇ ਵਿਚਾਲੇ ਹਜਾਰ ਕੁ ਵਰ੍ਹੇ ਵਿੱਚ ਜੋ ਆਦੇਸ ਵਲੋਂ ਪਰਜਾ ਲਈ ਜੋ ਹੁਕਮ ਨਾਜ਼ਲ ਹੋਏ ਉਹਨਾਂ ਦੇ ਸੰਗ੍ਰਹਿ ਦਾ ਨਾਮ ਬੂਰ ਹੈ।

(2) ਯਹੂਦੀ ਲੋਕ ਹਜ਼ਰਤ ਈਸਾ ਤੇ ਮੁਹੰਮਦ ਸਾਹਿਬ ਨੂੰ ਆਪਣਾ ਪੈਗੰਬਰ ਨਹੀਂ ਮਨਦੇ ਪਰ ਮੁਸਲਮਾਲ ਤੇ ਈਸਾਈ ਹਜ਼ਰਤ ਮੂਸਾ ਨੂੰ ਨਬੀ ਮੰਨਦੇ ਹਨ।

(ਘ) ਦਾਨ : ਆਪਣੇ ਖੇਤਾਂ ਵਿਚ ਹੋਏ ਅਨਾਜ ਦਾ ਦਸਵਾਂ ਹਿਸਾ ਵਫਾਦਾਰੀ ਨਾਲ ਖ਼ੁਦਾ ਦੇ ਨਾਂ ਤੇ ਇਕ ਪਾਸੇ ਕਢਣਾ।

(ਙ) ਜੇ ਕਦੀ ਕੋਈ ਗੁਲਾਮ ਮੁਲ ਖਰੀਦੇ ਤਾਂ ਉਸਨੂੰ ਛੇ ਸਾਲ ਰਖ ਕੇ ਸਤਵੇ ਸਾਲ ਆਜ਼ਾਦ ਕਰ ਦਿਓ :

(ਚ) ਕਿਸੇ ਕੁਆਰੀ ਲੜਕੀ ਤੇ ਝੂਠਾ ਦੋਸ਼ ਲਾਣ ਵਾਲੇ ਨੂੰ ਇਕ ਸੌ ਰੁਪਏ ਡੰਡ ਲਗਾ ਕੇ ਲੜਕੀ ਦੇ ਪਿਓ ਨੂੰ ਦਿਵਾਉ ਪਰ ਜੇ ਲੜਕੀ ਦੋਸ਼ੀ ਨਿਕਲੇ ਤਾਂ ਉਸ ਨੂੰ ਸੰਗਸ਼ਾਰ (ਪੱਥਰ ਮਾਰ ਮਾਰ ਕੇ ਮਾਰਨਾ) ਕਰੋ।

(ਛ) ਯਹੂਦੀਆਂ ਦਾ ਇਕ ਬਾਦਸ਼ਾਹ ਕਾਇਮ ਕਰੋ।

ਗੁਰਮਤ : ਗੁਰਮੱਤ ਦਾ ਸਿੱਧਾ ਸਬੰਧ ਯਹੂਦੀ ਮਤ ਨਾਲ ਭਾਵੇਂ ਕੋਈ ਨਹੀਂ, ਪਰ ਫੇਰ ਵੀ ਕਿਧਰੇ ਕਿਧਰੇ ਸੁਭਾਵਕ ਮੇਲ ਜਾਪਦਾ ਹੈ :

ਜਿਵੇਂ ਯਹੂਦੀ ਰੱਬ ਨੂੰ ਵਾਹਿਦੁੱਲਸ਼ਰੀਕ ਸਮਝਦਾ ਹੈ, ਜੋ ਹਿੱਦਾਇਤ ਨੰਬਰ 1 ਕੇਵਲ ਮੈਨੂੰ ਹੀ ਰੱਬ ਜਾਣੀ, ਮੇਰੇ ਤੁਲ ਕਿਸੇ ਹੋਰ ਨੂੰ ਨਾ ਸਮਝੀਂ।" ਗੁਰਮੱਤ ਵੀ ਕਾਲ ਪੁਰਖ ਨੂੰ ਲਸ਼ਰੀਕ ਤੇ ਇਕੋ ਇਕ ਹੀ ਮੰਨਦੀ ਹੈ। ਪਰ ਗੁਰਮੱਤ ਦਾ ਰੱਬ ਅਰੂਧ ਤੇ ਅਨਾਮ ਹੈ :

**ਗੁਣੁ ਏਹੋ ਹੋਰੁ ਨਾਹੀ ਕੋਇ ॥ਨਾ ਕੋ ਹੋਆ ਨ ਕੋ ਹੋਇ ॥3 ॥** (ਆਸਾ ਮ: 1)

**ਇਕ ਬਿਨ ਦੂਸਰ ਸੋ ਨਾ ਚਿਨਾਰ ॥** (ਦੇਵਗੰਧਾਰੀ ਪਾ : 10)

**ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ॥** ਰਾਮਕਲੀ ਮ: 1, ਦਖਨੀ, ਓਅੰਕਾਰ)

**ਤਿਸਹਿ ਸਰੀਕੁ ਨਾਹੀ ਰੇ ਕੋਈ ॥ਕਿਸ ਹਾ ਬੁਤੇ ਜਬਾਬੁ ਨ ਹੋਈ ॥** (ਮਾਰੂਸੋਲਹੇ ਮ: 5)

ਯਥਾ

**ਤਿਸਕਾ ਸਰੀਕੁ ਕੋ ਨਹੀ ਨਾ ਕੋ ਕੰਟਕੁ ਵੈਰਾਈ ॥** (ਵਾਰ ਵਡਹੰਸ ਮ: 3)

**ਮੂਰਤੀ ਪੂਜਾ :** ਗੁਰਮੱਤ ਵਿਚ ਵੀ ਮੂਰਤੀ ਪੂਜਾ ਵਿਵਰਜਤ ਹੈ।

(3) ਖੁਦਾ ਦਾ ਨਾ ਲੈਣਾ ਕਦੇ ਵੀ ਅਕਾਰਥ ਨਹੀਂ ਹੁੰਦਾ । ਸਿੱਖ ਨੇ ਅਠੈ ਪਹਿਰ ਹਰੀ ਦੇ ਗੁਣ ਗਾਣੇ ਹਨ ਤੇ ਸੁਆਸ ਸੁਆਸ ਸਿਮਰਨ ਕਰਨਾ, ਸਗੋਂ ਰੋਮ ਰੋਮ ਪ੍ਰਭੂ ਨੂੰ ਧਿਆਵਣਾ ਹੈ।

**ਸਿਮਰਿ ਸਿਮਰਿ ਨਾਮ ਬਾਰੰ ਬਾਰ ॥**

**ਨਾਨਕ ਜੀਅ ਕਾ ਇਹੈ ਅਧਾਰ ॥2॥24॥** (ਗਉੜੀ ਸੁਖਮਨੀ ਮ: 5)

ਯਥਾ

**ਉਠੰਦਿਆਂ ਬਹੰਦਿਆਂ ਸਵੰਦਿਆਂ ਸੁਖ ਸੋਇ ॥**

**ਨਾਨਕ ਨਾਮਿ ਸਾਲਾਹਿਐ ਮਨੁ ਤਨੁ ਸੀਤਲੁ ਹੋਇ ॥** (ਸਲੋਕ ਮ: 5 ਵਾਰ ਗਉੜੀ ਮ:5)

**ਜੋ ਪ੍ਰਾਨੀ ਨਿਸਦਿਨ ਭਜੈ ਰੂਪ ਰਾਮ ਤਿਹ ਜਾਨੁ ॥**

**ਹਰਿ ਜਨ ਹਰਿ ਅੰਤਰੁ ਨਹੀਂ ਨਾਨਕ ਸਾਚੀ ਮਾਨ ।29 ॥** (ਸਲੋਕ ਮ: 9)

ਯਥਾ

**ਗੁਰਮੁਖੁ ਰੋਮ ਰੋਮ ਹਰਿ ਧਿਆਵੈ ॥ ਗੁਰਮੁਖ ਸਗਲੀ ਗਣਤ ਮਿਟਾਵੈ ॥**

(ਰਾਮਕਲੀ ਸਿਧਗੋਸਟ ਮ: 1)

ਯਥਾ

(4) **ਸਨੀਚਰਵਾਰ ਦੀ ਪਵਿਤਰਤਾ :** ਗੁਰਮਤਿ ਅਨੁਸਾਰ ਕਿਸੇ ਇਕ ਦਿਨ, ਵਾਰ, ਮਹੀਨੇ ਜਾਂ ਥਿਤ ਨੂੰ ਪਵਿਤ੍ਰ ਨਹੀਂ ਮੰਨਿਆ ਜਾਂਦਾ। ਸਾਰੇ ਦਿਨ ਵਾਰ, ਥਿਤਾਂ ਇਕੋ ਜਹੀਆਂ ਹਨ। ਲੋੜ ਹੈ ਅਕਾਲ ਪੁਰਖ ਦੀ ਮੇਹਰ ਦੀ।

**ਮਾਹ ਦਿਵਸ ਮੂਰਤ ਭਲੇ ਜਿਨ ਕਉ ਨਦਰਿ ਕਰੇ ॥**

**ਨਾਨਕ ਮੰਗੈ ਦਰਸੁ ਦਾਨੁ ਕਿਰਪਾ ਕਰਹੁ ਹਰੇ ॥14॥1।** (ਬਾਰਹ ਮਾਹਾ ਮਾਝ ਮ: 5)

**ਬੇਦਸ ਮਾਹ ਰੁਤੀ ਥਿਤੀ ਵਾਰ ਭਲੇ ॥**

**ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ ॥17॥1॥** (ਬਾਰਹਮਾਹ ਤੁਖਾਰੀ ਮ: 1)

## (5) ਚੋਰੀ ਯਾਰੀ ਨਾ ਕਰਨੀ

ਚੋਰੀ ਯਾਰੀ ਨਾ ਕਰਨੀ ਸਦਾਚਾਰਕ ਲਕਸ਼ ਹਨ। ਗੁਰਮੱਤ ਵਿਚ ਇਨ੍ਹਾਂ ਨੂੰ ਕੇਵਲ ਵਿਵਰਜਿਤ ਹੀ ਨਹੀਂ ਕੀਤਾ ਗਿਆ, ਸਗੋਂ ਭਾਰੀ ਗੁਨਾਹ ਸਮਝਿਆ ਗਿਆ ਹੈ। ਇਥੋਂ ਤਕ ਕਿ ਪਰ-ਇਸਤ੍ਰੀ ਗਮਨ ਇਕ ਸਿੱਖ ਨੂੰ ਪੱਤਤ ਕਰ ਦੇਂਦਾ ਹੈ ਤੇ ਸਿਖੀਓ ਖਾਰਜ ਕਰ ਦੇਂਦਾ ਹੈ। ਇਸ ਲਈ ਇਥੋਂ ਤਕ ਹਦਾਇਤ ਹੈ :

- **ਪਰ ਤ੍ਰਿਆ ਰੂਪ ਨੇ ਪੇਖੈ ਨੇਤ੍ਰ ॥1॥9॥** (ਗਉੜੀ ਸੁਖ਼ਮਨੀ ਮ: 5)

- **ਜੈਸਾ ਸੰਗੁ ਬਿਸੀਅਰੁ ਸਿਉ ਹੈ ਰੇ ਤੈਸੇ ਹੀ ਇਹ ਪਰਗ੍ਰਿਹੁ ॥2॥**

ਜਿਥੋਂ ਤਕ ਪਰਾਏ ਧਨ ਦੀ ਗੱਲ ਹੈ ਉਸ ਵਲ ਅੱਖ ਚੁਕ ਕੇ ਵੇਖਣਾ ਵੀ ਵਿਵਰਜਿਤ ਹੈ।

- **ਅਖੀ ਸੂਤਕੁ ਵੇਖਣਾ ਪਰਤ੍ਰਿਯ ਪਰਧਨ ਰੂਪ ॥3॥18॥** (ਵਾਰ ਆਸਾ ਮ: 1)

ਯਥਾ

- **ਦੇਖ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ ॥**

>< >< >< >< >< >< ><

**ਲਾਂਚ ਕਰਤਾ : ਜਸਬੀਰ ਸਿੰਘ**

**Mob. : 099881-60484, 62390-45985**

Type Setting : Radheshyam Choudhary

Mob. : 098149- 66882